MHO ਦੀ ਸਥਾਪਨਾ 1981 ਵਿਚ ਘੱਟ ਕੀਮਤ ਦੀ ਘਰਾਂ ਦੀ ਮਲਕੀਅਤ ਦੇਣ ਲਈ ਇਕ ਗ਼ੈਰ-ਖ਼ੈਰਾਤੀ ਹਾਊਸਿੰਗ ਐਸੋਸੀਏਸ਼ਨ ਦੇ ਰੂਪ ਵਿਚ ਹੋਈ ਸੀ ਅਤੇ ਉਦੋਂ ਤੋਂ ਹੁਣ ਤੱਕ 26,000 ਤੋਂ ਵੱਧ ਲੋਕਾਂ ਨੂੰ ਉਹਨਾਂ ਦੇ ਘਰ ਮੁਹੱਈਆ ਕੀਤੇ ਗਏ ਹਨ। 2003 ਵਿਚ ਅਸੀਂ Metropolitan Housing Trust (ਮੈਟਰੋਪੋਲੀਟਨ ਹਾਊਸਿੰਗ ਭਾਗੀਦਾਰੀ ਕਾਰੋਬਾਰ), ਜੋ ਕਿ ਇਕ ਖ਼ੈਰਾਤੀ ਸੰਸਥਾ ਹੈ, ਦਾ ਹਿੱਸਾ ਬਣ ਗਏ।

ਸਾਡਾ **ਉਦੇਸ਼** ਹੈ:

ਘੱਟ ਅਤੇ ਦਰਮਿਆਨੀ ਆਮਦਨੀ ਵਾਲੇ ਕਰਮੀ ਪਰਵਾਰਾਂ ਲਈ ਖ਼ਰਚ ਬਰਦਾਸ਼ਤ ਯੋਗ ਹਾਊਸਿੰਗ ਸੇਵਾ, ਪ੍ਰਾਡੱਕਟ ਅਤੇ ਵਿਕਲਪਾਂ ਦੀ ਸਿਰਜਣਾ ਅਤੇ ਮਾਰਕਿਟਿੰਗ ਕਰਨਾ।

**ਕਦਰਾਂ**

ਅਸੀਂ ਇਹਨਾਂ ਵਿਚ ਵਿਸ਼ਵਾਸ ਕਰਦੇ ਹਾਂ:

- ਜਿਹੜੇ ਆਪਣੇ ਘਰ ਵਿਚ ਆਪਣੀ ਵਿੱਤੀ ਸ਼ਮੂਲੀਅਤ ਪਸੰਦ ਕਰਦੇ ਹਨ, ਉਹਨਾਂ ਲਈ ਚੰਗੀ ਕੁਆਲਿਟੀ ਦੇ ਘਰ ਅਤੇ ਸੇਵਾਵਾਂ ਮੁਹੱਈਆ ਕਰਨਾ
- ਇਹੋ ਜਿਹੇ ਘਰਾਂ ਦੀ ਉਸਾਰੀ ਕਰਨਾ ਨੂੰ ਜਾਂ ਇਹਨਾਂ ਨੂੰ ਪੇਸ਼ ਕਰਨਾ ਜਿਨ੍ਹਾਂ ਵਿਚ ਲੋਕ ਰਹਿਣਾ ਪਸੰਦ ਕਰਦੇ ਹਨ ਅਤੇ ਜਿਹੜੇ ਚੁਗਿਰਦੇ ਦੀ ਬਰਕਰਾਰੀ ਅਤੇ ਦਿਲਕਸ਼ੀ ਵਿਚ ਯੋਗਦਾਨ ਕਰਦੇ ਹਨ
- ਅਸੀਂ ਜਿਨ੍ਹਾਂ ਲੋਕਾਂ ਦੀ ਸੇਵਾ ਕਰਦੇ ਹਾਂ ਉਹਨਾਂ ਨੂੰ ਸਾਡੀਆਂ ਪੇਸ਼ ਕੀਤੀਆਂ ਸੇਵਾਵਾਂ ਅਤੇ ਉਹਨਾਂ ਦੇ ਘਰਾਂ ਅਤੇ ਕਮਿਊਨਿਟੀ ਦੇ ਪ੍ਰਬੰਧਨ ਵਿਚ, ਜਿੰਨੀ ਉਹ ਚਾਹੁਣ, ਸ਼ਮੂਲੀਅਤ ਯੋਗ ਬਣਾਉਣਾ
- MHP ਅਤੇ ਉਸ ਦੇ ਰਹਿਵਾਸੀਆਂ ਨਾਲ ਭਾਗੀਦਾਰੀ ਵਿਚ ਕੰਮ ਕਰਦੇ ਹੋਏ ਵਧੇਰੇ ਚੰਗੀ ਹਾਊਸਿੰਗ ਦੇਣਾ ਅਤੇ ਮਜ਼ਬੂਤ ਕਮਿਊਨਿਟੀਆਂ ਤਿਆਰ ਕਰਨਾ
- ਵਣਜੀ ਤੌਰ ਤੇ ਕਾਮਯਾਬ ਹੋਣਾ ਤਾਂਕਿ ਅਸੀਂ ਜਿਹੜੀਆਂ ਬਚਤਾਂ ਕਰਦੇ ਹਾਂ ਉਹਨਾਂ ਨੂੰ ਸਾਡੇ ਸਮਾਜਕ ਕਾਰੋਬਾਰ ਦੀਆਂ ਕਦਰਾਂ ਵਿਚ ਸੁਧਾਰ ਲਿਆਉਣ ਲਈ ਕਾਰਗੁਜ਼ਾਰੀ ਨਾਲ ਮੁੜ ਨਿਵੇਸ਼ ਕਰਨਾ
- ਸਾਡੇ ਕਾਰੋਬਾਰ ਵਿਚ ਸੁਧਾਰ ਲਿਆਉਣ ਲਈ ਅਤੇ ਜਿਨ੍ਹਾਂ ਕਮਿਊਨਿਟੀਆਂ ਨਾਲ ਅਸੀਂ ਕੰਮ ਕਰਦੇ ਹਾਂ ਉਹਨਾਂ ਦੀ ਜੀਵਨ ਸ਼ੈਲੀ ਵਿਚ ਸੁਧਾਰ ਲਿਆਉਣ ਲਈ ਸਟਾਫ਼, ਗਾਹਕਾਂ ਅਤੇ ਵਿੱਤੀ ਤੌਰ ਤੇ ਸੰਬੰਧਤ ਲੋਕਾਂ ਨੂੰ ਸਿਰਜਨਾਤਮਕ ਹਲ ਕੱਢਣ ਲਈ ਹੱਲਾਸ਼ੇਰੀ ਦੇਣਾ
- ਸਹਿਣਸ਼ੀਲ, ਸੱਭਿਆਚਾਰਕ ਵੰਨ-ਸੁਵੱਨੀਆਂ ਕਮਿਊਨਿਟੀਆਂ ਅਤੇ ਕਾਰਜ-ਥਾਂਵਾਂ ਨੂੰ ਸਿਰਜਣਾ ਜਿੱਥੇ ਸਾਰੇ ਪਿਛੋਕੜਾਂ ਦੇ ਲੋਕ ਵਿਕਾਸ ਕਰ ਸਕਦੇ ਹਨ ਅਤੇ ਇਸ ਲਈ ਹੱਲਾਸ਼ੇਰੀ ਦਿੱਤੀ ਜਾਵੇਗੀ
- ਸਾਡੀ ਸੰਸਥਾ ਦੇ ਮਹੱਤਵਪੂਰਨ ਵਸੀਲੇ ਹੋਣ ਕਰਕੇ ਆਪਣੇ ਸਟਾਫ਼ ਦੀ ਕਦਰ ਕਰਨਾ ਅਤੇ ਉਸ ਦਾ ਵਿਕਾਸ ਕਰਨਾ।

**ਅਸੀਂ MHP ਦੇ ਮਨੋਰਥ ਦਾ ਸਮਰਥਨ ਕਰਦੇ ਹਾਂ:**

- **"ਵਧੇਰੇ ਚੰਗੇ ਘਰਾਂ ਅਤੇ ਮਜ਼ਬੂਤ ਕਮਿਊਨਿਟੀਆਂ ਲਈ ਰਹਿਵਾਸੀਆਂ ਨਾਲ ਮਿਲ ਕੇ ਕੰਮ ਕਰਨਾ "**

ਇਹ ਵੈਬਸਾਈਟ ਤੁਹਾਡੀ ਮਦਦ ਕਰਨ ਲਈ ਹੈ ਕਿ ਤੁਸੀਂ ਸਾਡੇ ਬਾਰੇ ਵਧੇਰੇ ਜਾਣ ਸਕੋ ਅਤੇ ਸਾਡੇ ਪੇਸ਼ ਕੀਤੇ ਉਤਪਾਦਾਂ ਅਤੇ ਸੇਵਾਵਾਂ ਤੱਕ ਤੁਹਾਡੀ ਪਹੁੰਚ ਕਰਵਾਉਣ ਵਿਚ ਮਦਦ ਕਰ ਸਕੇ ਅਤੇ ਤੁਹਾਨੂੰ ਹੱਲਾਸ਼ੇਰੀ ਦੇਣ ਲਈ ਹੈ ਕਿ ਤੁਸੀਂ ਸਾਨੂੰ ਆਪਣੀ ਵਾਪਸੀ ਜਾਣਕਾਰੀ ਦੇ ਕੇ ਅਤੇ ਫ਼ੋਕਸ ਗਰੁੱਪਾਂ ਵਿਚ ਸ਼ਾਮਲ ਹੋ ਕੇ ਅਸੀਂ ਜਿਸ ਤਰ੍ਹਾਂ ਤੁਹਾਡੀ ਮਦਦ ਕਰਦੇ ਹਾਂ ਉਸ ਵਿਚ ਸੁਧਾਰ ਲਿਆਉਣ ਵਿਚ ਸਾਡੀ ਮਦਦ ਕਰ ਸਕੋ।

ਜੇਕਰ ਤੁਸੀਂ ਵੈਬਸਾਈਟ 'ਤੇ ਉਪਲਬਧ ਜਾਣਕਾਰੀ ਦਾ ਤਰਜਮਾ ਜਾਂ ਦੂਜਾ ਰੂਪ (ਜਿਵੇਂ ਕਿ ਬ੍ਰੇਲ ਵਿਚ) ਚਾਹੁੰਦੇ ਹਾਂ ਤਾਂ ਕਿਰਪਾ ਕਰਕੇ ਸਾਨੂੰ applications&enquiries@mht.co.uk ਰਾਹੀਂ ਸੰਪਰਕ ਕਰੋ ਜਾਂ 020 8920 7777 ਜਾਂ 020 8920 7740 'ਤੇ ਫ਼ੋਨ ਕਰੋ।